HSBC

# Points to Note for Basic Bank Account

## For ethnic minority customers who speak Urdu, Nepali, Hindi or Punjabi, but with limited understanding of English and Chinese

---

- If you are a Hong Kong permanent resident, please bring along your Hong Kong Identity Card to our designated branches to open an account.
- If you are a Hong Kong non-permanent resident, please bring along your HKID card or a valid travel document.
- Please bring along a friend, relative or Non-Government Organization staff who understand either English or Chinese to our designated branches when you need banking services. They can act as your translator during the account opening process and when you do banking transactions.
- A Hong Kong Dollar Statement Savings Account will enable you to deposit or withdraw Hong Kong dollars at our branches or at any of our ATM machines. Please bring along your identity document (HKID card or travel document) and ATM card (if applicable) whenever you visit our branches.
- You can also send money to or receive money from local and/or overseas. If you deposit a foreign cheque or foreign currency with us, we'll convert the money into Hong Kong dollars using our exchange rate at that time.
- You can also set up autopay instructions on your account to pay for your regular bills.
- You may visit our designated branches for updating your contact information (e.g. address, telephone number, email, etc.).
- No insurance, investment, credit cards or lending products will be offered.
- Our bank statements, terms and conditions for our banking services and other correspondence we send you will only be in English and Chinese. If you need assistance, please contact our branch staff or any non-Government Organisation that is listed on our public website https://www.hsbc.com.hk/community-banking/minority-groups/ethnic-minority/.
- You can choose to have an ATM card and enroll to EASY ATM service (Only Chinese language on screen provided). The service will enable you to use our ATM machines (at the local HSBC and Hang Seng Bank) and will provide four basic banking functions ie. balance enquiry, change of ATM PIN (password) and cash withdrawal.


By applying for the HSBC basic bank account, you agree to be bound by the full terms and conditions applicable to the account, which are available in Chinese and English only. If you are concerned about these terms and conditions, please seek translation support before submitting your application.

**EASY ATM service user tips:**

- Here is a picture guide for how you can withdraw money with our Easy ATM service:





Step 1: Insert your ATM card




Step 2: Key in your PIN


| Step 3: Select your services | |
|---|---|
| • Available Balance | |
| • Withdrawal | • Transfer |
| • Change PIN | • Cancel |







Step 4: Select the amount you need to withdraw




Step 5: Take your card, receipt and cash

- You can check your balance, withdraw money and change your PIN. You can only select pre-set amounts for withdrawal using your EASY ATM.
- The initial daily cash withdrawal limit is HK$10,000. You can increase the daily limit up to HK$80,000 by visiting our designated branches
- If you use your card at ATM machine other than HSBC/Hang Seng Bank or overseas machines, fees may apply.

**ATM card security tips:**

- Keep your PIN secret and memorise it. Destroy the original printed copy of the PIN and never write it down.
- To report loss of ATM Card, immediately visit our branch, or seek help from NGOs to call our hotline (852) 2233 3000 if you are not able to visit our branch in a short period of time.
- If you lose your ATM Card, we will levy a replacement fee of HK$50. If we find that there's no evidence that your actions enabled someone else to use your card, we'll limit your loss to HK$500 per ATM card for authorized transactions which happened after you reported to us.

# ਲਈ ਮੁੱਢਲੇ ਬੈਂਕ ਖਾਤੇ ਸੰਬੰਧੀ  ਨੋਟ ਕਰਨ ਲਈ ਨੁਕਤੇ

## ਨਸਲੀ ਘੱਟਗਿਣਤੀ ਗਾਹਕਾਂ ਲਈ ਜੋ ਉਰਦੂ, ਨੇਪਾਲੀ, ਹਿੰਦੀ ਜਾਂ ਪੰਜਾਬੀ ਬੋਲਦੇ ਹਨ, ਪਰ ਅੰਗ੍ਰੇਜ਼ੀ ਅਤੇ ਚੀਨੀ ਦੀ ਸੀਮਤ ਸਮਝ ਰੱਖਦੇ ਹਨ

---

- ਜੇ ਤੁਸੀਂ ਹਾਂਗ ਕਾਂਗ ਦੇ ਸਥਾਈ ਨਿਵਾਸੀ ਹੋ, ਤਾਂ ਖਾਤਾ ਖੋਲ੍ਹਣ ਲਈ ਕਿਰਪਾ ਕਰਕੇ ਆਪਣਾ ਹਾਂਗ ਕਾਂਗ ਦਾ ਪਛਾਣ ਪੱਤਰ ਸਾਡੀਆਂ ਨਿਰਧਾਰਤ ਸ਼ਾਖਾਵਾਂ ਵਿਚ ਨਾਲ ਲਿਆਓ।

- ਜੇ ਤੁਸੀਂ ਹਾਂਗ ਕਾਂਗ ਦੇ ਗੈਰ-ਸਥਾਈ ਨਿਵਾਸੀ ਹੋ, ਤਾਂ ਕਿਰਪਾ ਕਰਕੇ ਆਪਣੇ HKID ਕਾਰਡ ਜਾਂ ਇੱਕ ਵੈਧ ਯਾਤਰਾ ਦਸਤਾਵੇਜ਼ ਨੂੰ ਨਾਲ ਲਿਆਓ।

- ਜਦੋਂ ਤੁਹਾਨੂੰ ਬੈਂਕਿੰਗ ਸੇਵਾਵਾਂ ਦੀ ਜ਼ਰੂਰਤ ਹੁੰਦੀ ਹੈ ਤਾਂ, ਕਿਰਪਾ ਕਰਕੇ ਇੱਕ ਦੋਸਤ, ਰਿਸ਼ਤੇਦਾਰ ਜਾਂ ਗੈਰ-ਸਰਕਾਰੀ ਸੰਗਠਨ ਸਟਾਫ ਨੂੰ ਸਾਡੀਆਂ ਨਿਰਧਾਰਤ ਸ਼ਾਖਾਵਾਂ ਤੇ ਨਾਲ ਲਿਆਓ ਜੋ ਅੰਗਰੇਜ਼ੀ ਜਾਂ ਚੀਨੀ ਸਮਝਦੇ ਹਨ। ਉਹ ਖਾਤਾ ਖੋਲ੍ਹਣ ਦੀ ਪ੍ਰਕਿਰਿਆ ਦੌਰਾਨ ਅਤੇ ਜਦੋਂ ਤੁਸੀਂ ਬੈਂਕਿੰਗ ਲੈਣਦੇਣ ਕਰਦੇ ਹੋ ਤਾਂ ਤੁਹਾਡੇ ਅਨੁਵਾਦਕ ਵਜੋਂ ਕੰਮ ਕਰ ਸਕਦੇ ਹਨ।

- ਹਾਂਗ ਕਾਂਗ ਡਾਲਰ ਸਟੇਟਮੈਂਟ ਬਚਤ ਖਾਤਾ ਤੁਹਾਨੂੰ ਸਾਡੀਆਂ ਸ਼ਾਖਾਵਾਂ ਜਾਂ ਸਾਡੀ ਕਿਸੇ ਵੀ ATM ਮਸ਼ੀਨ ਤੇ ਹਾਂਗ ਕਾਂਗ ਡਾਲਰ ਜਮ੍ਹਾ ਕਰਨ ਜਾਂ ਕੱਢਵਾਉਣ ਦੇ ਯੋਗ ਬਣਾਏਗਾ। ਜਦੋਂ ਵੀ ਤੁਸੀਂ ਸਾਡੀਆਂ ਸ਼ਾਖਾਵਾਂ 'ਤੇ ਜਾਂਦੇ ਹੋ ਤਾਂ ਕਿਰਪਾ ਕਰਕੇ ਆਪਣੇ ਪਛਾਣ ਦਸਤਾਵੇਜ਼ (HKID ਕਾਰਡ ਜਾਂ ਯਾਤਰਾ ਦਸਤਾਵੇਜ਼) ਅਤੇ ATM ਕਾਰਡ (ਜੇ ਲਾਗੂ ਹੋਵੇ) ਨਾਲ ਲਿਆਓ।

- ਤੁਸੀਂ ਸਥਾਨਕ ਅਤੇ/ ਜਾਂ ਵਿਦੇਸ਼ਾਂ ਤੋਂ ਵੀ ਪੈਸੇ ਭੇਜ ਸਕਦੇ ਹੋ ਜਾਂ ਪ੍ਰਾਪਤ ਕਰ ਸਕਦੇ ਹੋ। ਜੇ ਤੁਸੀਂ ਸਾਡੇ ਕੋਲ ਵਿਦੇਸ਼ੀ ਚੈੱਕ ਜਾਂ ਵਿਦੇਸ਼ੀ ਮੁਦਰਾ ਜਮ੍ਹਾ ਕਰਦੇ ਹੋ, ਤਾਂ ਅਸੀਂ ਉਸ ਸਮੇਂ ਆਪਣੀ ਐਕਸਚੇਂਜ ਦਰ ਦੀ ਵਰਤੋਂ ਕਰਕੇ ਪੈਸੇ ਨੂੰ ਹਾਂਗ ਕਾਂਗ ਡਾਲਰ ਵਿੱਚ ਬਦਲ ਦਿਆਂਗੇ।

- ਤੁਸੀਂ ਆਪਣੇ ਨਿਯਮਤ ਬਿੱਲਾਂ ਦਾ ਭੁਗਤਾਨ ਕਰਨ ਲਈ ਆਪਣੇ ਖਾਤੇ 'ਤੇ ਸਵੈਚਾਲਿਤ ਭੁਗਤਾਨ (ਆਟੋਪੇ) ਨਿਰਦੇਸ਼ ਵੀ ਸਥਾਪਤ ਕਰ ਸਕਦੇ ਹੋ।

- ਤੁਸੀਂ ਆਪਣੀ ਸੰਪਰਕ ਜਾਣਕਾਰੀ (ਜਿਵੇਂ ਕਿ ਪਤਾ, ਟੈਲੀਫੋਨ ਨੰਬਰ, ਈਮੇਲ, ਆਦਿ) ਵਿੱਚ ਸੋਧਕਰਨ ਲਈ ਸਾਡੀਆਂ ਨਿਰਧਾਰਤ ਸ਼ਾਖਾਵਾਂ ਦਾ ਦੌਰਾ ਕਰ ਸਕਦੇ ਹੋ।

- ਕੋਈ ਬੀਮਾ, ਨਿਵੇਸ਼, ਉਧਾਰ ਕਾਰਡ ਜਾਂ ਉਧਾਰ ਸੰਬੰਧੀ ਉਤਪਾਦ ਦੀ ਪੇਸ਼ਕਸ਼ ਨਹੀਂ ਕੀਤੀ ਜਾਵੇਗੀ।

- ਸਾਡੀਆਂ ਬੈਂਕ ਸਟੇਟਮੈਂਟਾਂ, ਸਾਡੀਆਂ ਬੈਂਕਿੰਗ ਸੇਵਾਵਾਂ ਲਈ ਨਿਯਮ ਅਤੇ ਸ਼ਰਤਾਂ ਅਤੇ ਹੋਰ ਪੱਤਰ ਵਿਹਾਰ ਜੋ ਅਸੀਂ ਤੁਹਾਨੂੰ ਭੇਜਦੇ ਹਾਂ ਕੇਵਲ ਅੰਗਰੇਜ਼ੀ ਅਤੇ ਚੀਨੀ ਵਿੱਚ ਹੋਣਗੇ। ਜੇ ਤੁਹਾਨੂੰ ਸਹਾਇਤਾ ਦੀ ਜ਼ਰੂਰਤ ਹੈ, ਕਿਰਪਾ ਕਰਕੇ ਸਾਡੀ  ਸ਼ਾਖਾ ਦੇ ਅਮਲੇ  ਜਾਂ ਕਿਸੇ ਗੈਰ-ਸਰਕਾਰੀ ਸੰਗਠਨ ਨਾਲ ਸੰਪਰਕ ਕਰੋ ਜੋ ਸਾਡੀ ਜਨਤਕ ਵੈਬਸਾਈਟ 'ਤੇ ਸੂਚੀਬੱਧ ਹੈ।https://www.hsbc.com.hk/community-banking/minority-groups/ethnic-minority/

- ਤੁਸੀਂ ATM ਕਾਰਡ ਰੱਖਣਾ ਚੁਣ ਸਕਦੇ ਹੋ ਅਤੇ ਅਸਾਨ ATM ਸੇਵਾ (ਸਕ੍ਰੀਨ ਤੇ ਸਿਰਫ ਚੀਨੀ ਭਾਸ਼ਾ ਦਿੱਤੀ ਗਈ ਹੈ) ਲਈ ਦਾਖਲ ਹੋ ਸਕਦੇ ਹੋ। ਇਹ ਸੇਵਾ ਤੁਹਾਨੂੰ ਸਾਡੀਆਂ ATM ਮਸ਼ੀਨਾਂ  ਦੀ ਵਰਤੋਂ ਕਰਨ ਦੇ ਯੋਗ ਬਣਾਏਗੀ (ਸਥਾਨਕ HSBC ਅਤੇ ਹੈਂਗ ਸੈਂਗ ਬੈਂਕ ਵਿਖੇ) ਅਤੇ ਚਾਰ ਬੁਨਿਆਦੀ ਬੈਂਕਿੰਗ ਕਾਰਜ ਜਿਵੇਂ ਕਿ ਬਕਾਇਆ ਜਾਂਚ ਕਰਨਾ, ATM PIN (ਪਾਸਵਰਡ ) ਬਦਲੀ ਕਰਨਾ ਅਤੇ ਨਕਦੀ ਕੱਢਵਾਉਣਾ ਪ੍ਰਦਾਨ ਕਰੇਗੀ।


ਐਚਐਸਬੀਸੀ ਦੇ ਮੁਢਲੇ ਬੈਂਕ ਖਾਤੇ ਲਈ ਅਰਜ਼ੀ ਦੇ ਕੇ, ਤੁਸੀਂ ਇਸ ਖਾਤੇ ਤੇ ਲਾਗੂ ਹੋਣ ਵਾਲੇ ਪੂਰੇ ਨਿਯਮਾਂ ਅਤੇ ਸ਼ਰਤਾਂ ਨਾਲ ਬੱਝੇ ਹੋਣ ਲਈ ਸਹਿਮਤ ਹੋ, ਜੋ ਕਿ ਸਿਰਫ ਚੀਨੀ ਅਤੇ ਅੰਗਰੇਜ਼ੀ ਵਿਚ ਉਪਲਬਧ ਹਨ। ਜੇ ਤੁਸੀਂ ਇਨ੍ਹਾਂ ਨਿਯਮਾਂ ਅਤੇ ਸ਼ਰਤਾਂ ਬਾਰੇ ਚਿੰਤਤ ਹੋ, ਤਾਂ ਕਿਰਪਾ ਕਰਕੇ ਆਪਣੀ ਅਰਜ਼ੀ ਜਮ੍ਹਾ ਕਰਨ ਤੋਂ ਪਹਿਲਾਂ ਅਨੁਵਾਦ ਸਹਾਇਤਾ ਦੀ ਮੰਗ ਕਰੋ।

## ਅਸਾਨ ATM ਸੇਵਾ ਉਪਭੋਗਤਾ ਸੁਝਾਅ:

- ਤੁਸੀਂ ਅਸਾਨ ATM ਸੇਵਾ ਨਾਲ ਪੈਸੇ ਕਿਵੇਂ ਕੱਢਵਾ ਸਕਦੇ ਹੋ, ਇਸ ਲਈ ਇੱਥੇ ਇੱਕ ਤਸਵੀਰ ਸੇਧ ਦਿੱਤੀ ਗਈ ਹੈ:




ਕਦਮ 1: ਆਪਣਾ ATM ਕਾਰਡ ਪਾਓ




ਕਦਮ 2: ਆਪਣਾ ਪਿੰਨ ਭਰੋ

ਕਦਮ 3: ਆਪਣੀਆਂ ਸੇਵਾਵਾਂ ਦੀ ਚੋਣ ਕਰੋ


- ਉਪਲੱਬਧ ਬਕਾਇਆ
- ਪੈਸਾ ਕੱਢਣਾ
- ਪਿੰਨ ਬਦਲੋ




- ਤਬਾਦਲਾ
- ਰੱਦ




ਕਦਮ 4: ਰਕਮ ਦੀ ਚੋਣ ਕਰੋ ਜੋ ਤੁਸੀਂ ਕੱਢਵਾਉਣਾ ਚਾਹੁੰਦੇ ਹੋ




ਕਦਮ 5: ਆਪਣਾ ਕਾਰਡ, ਰਸੀਦ ਅਤੇ ਨਕਦੀ ਲਓ

- ਤੁਸੀਂ ਆਪਣਾ ਬਕਾਇਆ ਚੈੱਕ ਕਰ ਸਕਦੇ ਹੋ, ਪੈਸੇ ਕੱਢਵਾ ਸਕਦੇ ਹੋ ਅਤੇ ਆਪਣਾ ਪਿੰਨ ਬਦਲ ਸਕਦੇ ਹੋ। ਤੁਸੀਂ ਆਪਣੇ ਅਸਾਨ ATM ਦੀ ਵਰਤੋਂ ਕਰਕੇ ਪੈਸਾ ਕੱਢਵਾਉਣ ਲਈ ਸਿਰਫ ਪਹਿਲਾਂ ਤੋਂ ਨਿਰਧਾਰਤ ਰਕਮਾਂ ਦੀ ਚੋਣ ਕਰ ਸਕਦੇ ਹੋ।
- ਸ਼ੁਰੂਆਤੀ ਰੋਜ਼ਾਨਾ ਨਕਦੀ ਕੱਢਵਾਉਣ ਦੀ ਸੀਮਾ HK$ 10,000 ਹੈ। ਤੁਸੀਂ ਸਾਡੀਆਂ ਨਿਰਧਾਰਤ ਸ਼ਾਖਾਵਾਂ ਦਾ ਦੌਰਾ ਕਰਕੇ ਰੋਜ਼ਾਨਾ ਦੀ ਸੀਮਾ 80,000 ਤੱਕ ਵਧਾ ਸਕਦੇ ਹੋ।
- ਜੇ ਤੁਸੀਂ ਗੈਰ HSBC/ਹੈਂਗ ਸੈਂਗ ਬੈਂਕ ਜਾਂ ਵਿਦੇਸ਼ੀ ATM ਮਸ਼ੀਨਾਂ 'ਤੇ ਆਪਣੇ ATM ਕਾਰਡ ਦੀ ਵਰਤੋਂ ਕਰਦੇ ਹੋ, ਤਾਂ ਫੀਸਾਂ ਲਾਗੂ ਹੋ ਸਕਦੀਆਂ ਹਨ।

## ATM ਕਾਰਡ ਸੁਰੱਖਿਆ ਸੁਝਾਅ:

- ਆਪਣਾ ਪਿੰਨ ਗੁਪਤ ਰੱਖੋ ਅਤੇ ਇਸਨੂੰ ਯਾਦ ਰੱਖੋ। ਪਿੰਨ ਦੀ ਅਸਲ ਛਾਪੀ ਗਈ ਕੱਪੀ ਨੂੰ ਨਸ਼ਟ ਕਰ ਦੇਵੋ ਅਤੇ ਇਸਨੂੰ ਕਦੇ ਵੀ ਨਾ ਲਿਖੋ।
- ATM ਕਾਰਡ ਦੇ ਗੁੰਮ ਹੋ ਜਾਣ ਦੀ ਰਿਪੋਰਟ ਕਰਨ ਲਈ, ਤੁਰੰਤ ਸਾਡੀ ਸ਼ਾਖਾ 'ਤੇ ਜਾਓ, ਜਾਂ ਜੇ ਤੁਸੀਂ ਥੋੜੇ ਸਮੇਂ ਵਿੱਚ ਸਾਡੀ ਸ਼ਾਖਾ ਦਾ ਦੌਰਾ ਕਰਨ ਵਿਚ ਅਸਮਰਥ ਹੋ ਤਾਂ ਸਾਡੀ ਹੌਟਲਾਈਨ (852) 2233 3000 'ਤੇ ਕਾੱਲ ਕਰਨ ਲਈ ਗੈਰ ਸਰਕਾਰੀ ਸੰਗਠਨਾਂ ਤੋਂ ਮਦਦ ਲਵੋ।
- ਜੇ ਤੁਸੀਂ ਆਪਣਾ ATM ਕਾਰਡ ਗੁੰਮ ਕਰਦੇ ਹੋ, ਤਾਂ ਅਸੀਂ HK$ 50 ਬਦਲੀ ਫੀਸ ਲਗਾਵਾਂਗੇ। ਜੇ ਸਾਨੂੰ ਪਤਾ ਲੱਗਦਾ ਹੈ ਕਿ ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਕਿ ਤੁਹਾਡੀਆਂ ਕਾਰਵਾਈਆਂ ਨੇ ਕਿਸੇ ਹੋਰ ਨੂੰ ਤੁਹਾਡਾ ਕਾਰਡ ਇਸਤੇਮਾਲ ਕਰਨ ਦੇ ਯੋਗ ਬਣਾਇਆ ਹੈ, ਤਾਂ ਅਸੀਂ ਤੁਹਾਡੇ ਨੁਕਸਾਨ ਨੂੰ ਅਧਿਕਾਰਤ ਲੈਣ-ਦੇਣ ਲਈ HK $ 500 ਪ੍ਰਤੀ ATM ਕਾਰਡ ਤੱਕ ਸੀਮਿਤ ਕਰਾਂਗੇ, ਜੋ ਤੁਹਾਡੇ ਦੁਆਰਾ ਰਿਪੋਰਟ ਕੀਤੇ ਜਾਣ ਤੋਂ ਬਾਅਦ ਹੋਇਆ ਹੈ।